ਹੈ, ਸਿੱਧੀ ਵਿਦਿਆ ਨੂੰ ਸਜਾਉਂਦੀ ਹੈ ਅਤੇ ਦਾਨ—ਧਨ ਦੀ ਸ਼ੋਭਾ ਵਧਾਉਂਦਾ ਹੈ ।

- ☐ ਗੁਣਹੀਨ ਪੁਰਖ ਦੀ ਸੁੰਦਰਤਾ ਵਿਅਰਥ ਹੈ, ਸ਼ੀਲ ਰਹਿਤ ਦਾ ਕੁਲ-ਨਿੰਦਿਤ ਸਮਝਿਆ ਜਾਂਦਾ ਹੈ, ਸਿੱਧੀ ਦੇ ਬਿਨਾਂ ਵਿਦਿਆ ਵਿਅਰਥ ਹੈ, ਦਾਨ ਦੇ ਬਿਨਾਂ ਧਨ ਵਿਅਰਥ ਹੈ ।

- ☐ ਜੋ ਨੀਚ ਪੁਰਖ ਆਪਸ ਵਿਚ ਕੌੜੇ ਬਚਨ ਬੋਲਦੇ ਹਨ, ਉਹ ਜਰੂਰ ਹੀ ਆਪਣਾ ਅਹਿੱਤ ਕਰਦੇ ਹਨ, ਜਿਵੇਂ ਘਿਓ ਵਿਚ ਪੈ ਕੇ ਮੱਖੀ ਆਪਣਾ ਅਹਿੱਤ ਕਰਦੀ ਹੈ ।

- ☐ ਸੱਚੇ ਸਾਧੂਆਂ ਦਾ ਦਰਸ਼ਨ ਪੁੰਨ ਰੂਪ ਹੈ, ਕਿਉਂਕਿ ਸਾਧੂ ਤੀਰਥ ਰੂਪ ਹਨ । ਇਹਨਾਂ ਦਾ ਸਤਿਸੰਗ ਉਸੇ ਵਕਤ ਹੀ ਫਲ ਦਿੰਦਾ ਹੈ, ਜਦੋਂ ਕਿ ਤੀਰਥ ਸਮੇਂ ਤੇ ਫਲ ਦਿੰਦਾ ਹੈ ।

- ☐ ਧਰਮ-ਹੀਨ ਮਨੁੱਖ ਜਿਉਂਦਾ ਹੋਇਆ ਵੀ ਮਰੇ ਦੇ ਸਮਾਨ ਹੈ ਅਤੇ ਧਰਮਾਤਮਾ ਮਰਿਆ ਹੋਇਆ ਵੀ ਜਿਉਂਦਾ— ਦੇਰ ਤਕ ਜਿਉਂਦਾ ਹੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ।

- ☐ ਹਰ ਰੋਜ ਅਧਿਐਨ ਕਰੋ । ਜਿਆਦਾ ਨਾ ਹੋ ਸਕੇ ਤਾਂ ਇਕ ਹੀ ਸ਼ਲੋਕ ਪੜ੍ਹੋ ਪਰ ਪੜ੍ਹੋ ਜ਼ਰੂਰ । ਇਸੇ ਤਰ੍ਹਾਂ ਹਰ ਰੋਜ਼ ਦਾਨ ਕਰੋ, ਚਾਹੇ ਉਹ ਥੋੜਾ ਹੋਵੇ ਜਾਂ ਬਹੁਤ ਹੋਵੇ, ਅਪਣੀ ਪਹੁੰਚ ਦੇ ਅਨੁਸਾਰ

□ ਪਰਲੋ ਆਉਣ ਤੇ ਸਮੁੰਦਰ ਵੀ ਆਪਨੀ ਮਰਯਾਦਾ ਛਡ ਦਿੰਦੇ ਹਨ, ਪਰ ਸਾਧੂ ਪੁਰਖ ਪਰਲੋ ਆਉਣ ਤੇ ਵੀ ਆਪਣੀ ਮਰਯਾਦਾ ਨਹੀਂ ਛੱਡਦੇ। ਉਹ ਸਦਾ ਸਮਾਨ ਗੰਭੀਰ ਰਹਿੰਦੇ ਹਨ।

□ ਸੋਨੇ ਨੂੰ ਘਸਾ ਕੇ, ਕੱਟ ਕੇ, ਤਪਾ ਕੇ ਅਤੇ ਕੁੱਟ ਕੇ ਜਾਂਚਦੇ ਹਨ। ਪੁਰਖ ਦੀ ਜਾਂਚ ਵੀ ਦਾਨ, ਸ਼ੀਲ, ਤਪ ਅਤੇ ਭਾਵਨਾ ਇਨ੍ਹਾਂ ਚਾਰਾਂ ਨਾਲ ਹੁੰਦੀ ਹੈ।

□ ਦਾਨ ਨਾਲ ਦਰਿਦਰਤਾ ਨਸ਼ਟ ਹੁੰਦੀ ਹੈ। ਸੁਸ਼ੀਲਤਾ ਨਾਲ ਦੁਰਗਤੀ ਦੂਰ ਹੁੰਦੀ ਹੈ। ਬੁੱਧੀ ਅਗਿਆਨਤਾ ਦਾ ਨਾਸ਼ ਕਰਦੀ ਹੈ ਅਤੇ ਭਾਵਨਾ ਭਗਤੀ ਡਰ ਨੂੰ ਦੂਰ ਭਜਾਉਂਦੀ ਹੈ।

□ ਰਸਤਾ ਦੇਖ-ਦੇਖ ਕੇ ਪੈਰ ਰੱਖਣਾ ਚਾਹੀਦਾ ਹੈ, ਕਪੜੇ ਨਾਲ ਛਾਨ ਕੇ ਪਾਣੀ ਪੀਣਾ ਚਾਹੀਦਾ ਹੈ, ਸ਼ਾਸਤਰ ਦੇ ਅਨੁਸਾਰ ਸੁਧ ਵਚਨ ਬੋਲਣਾ ਚਾਹੀਦਾ ਹੈ, ਵਿਚਾਰ ਕਰਕੇ ਕੰਮ ਕਰਨਾ ਚਾਹੀਦਾ ਹੈ।

□ ਜਾਨ ਜਾਣ ਦਾ ਸਮਾਂ ਆ ਜਾਣ ਤੇ ਵੀ ਧਰਮ ਵਿਰੁੱਧ ਕੰਮ ਨਹੀਂ ਕਰਨਾ ਚਾਹੀਦਾ। ਜੇ ਉੱਤਮ ਕੰਮ ਹੋਵੇ ਤਾਂ ਜਾਨ ਨਿਕਲਦੇ ਸਮੇਂ ਵੀ ਕਰ ਲੈਣਾ ਚਾਹੀਦਾ ਹੈ।

□ ਉਹੀ ਉੱਤਮ ਭੋਜਨ ਹੈ ਜਿਸ ਵਿਚੋਂ ਸਾਧੂ ਮਹਾਤਮਾਵਾਂ ਨੂੰ ਦਾਨ ਦਿੱਤਾ ਗਿਆ ਹੈ। ਉਹੀ ਬੁੱਧੀਮਾਨ ਹੈ ਜਿਸਨੇ

ਹਿੱਤ - ਅਹਿੱਤ ਦਾ ਵਿਚਾਰ ਕੀਤਾ ਹੈ । ਉਹੀ ਭਰਮ ਹੈ ਜਿਸ ਵਿਚ ਦਯਾ ਹੋਵੇ ।

□ ਸ਼ਾਸਤਰ ਅਨੰਤ ਹਨ, ਵਿਦਿਆਵਾਂ ਬਹੁਤ ਹਨ ਅਤੇ ਸਮਾਂ ਥੋੜਾ ਹੈ, ਉਸ ਤੋਂ ਜਿਆਦਾ ਰੁਕਾਵਟਾਂ ਹਨ । ਇਸ ਲਈ ਮਨੁੱਖਾਂ ਨੂੰ ਕੇਵਲ ਸਾਰ ਹੀ ਗ੍ਰਹਿਣ ਕਰ ਲੈਣਾ ਚਾਹੀਦਾ ਹੈ, ਜ਼ਿਵੇਂ ਹੰਸ ਪਾਣੀ ਵਿਚੋਂ ਦੁੱਧ ਹੀ ਦੁੱਧ ਪ੍ਰਾਪਤ ਕਰ ਲੈਂਦਾ ਹੈ ।

□ ਤਿੰਨ ਗੱਲਾਂ ਨਾਲ ਜੀਵ ਨੂੰ ਸੱਚਾ ਧਰਮ ਪ੍ਰਾਪਤ ਹੁੰਦਾ ਹੈ— ਸੱਚ ਨੂੰ ਸਵੀਕਾਰ ਕਰਕੇ ਝੂਠ ਦੇ ਨੇੜੇ ਨਾ ਜਾਣਾ, ਤੱਤ ਗਿਆਨ ਦਾ ਅਭਿਆਸ ਕਰਨਾ, ਵੀਤਰਾਗ ਦੇ ਧਰਮ ਨੂੰ ਪਾਲਣ ਵਾਲੇ ਪਰਿਗ੍ਰਹਿ ਰਹਿਤ ਗੁਰੂ ਦਾ ਉਪਦੇਸ਼ ਸੁਨਣਾ।

□ ਸਾਰੇ ਜ਼ੀਵਾਂ ਦੀ ਆਤਮਾ ਸ਼ੁੱਧ ਹੈ, ਜੇ ਤੁਹਾਨੂੰ ਇਹ ਪੱਕਾ ਯਕੀਨ ਹੈ, ਤਾਂ ਕੋਈ ਤੁਹਾਡੇ ਨਾਲ ਭਲਾ ਜਾਂ ਬੁਰਾ ਵਰਤਾਓ ਕਰੇ ਉਸ ਨਾਲ ਸਾਰਾ ਦਵੇਸ਼ ਜਾਂ ਈਰਖਾ ਨਹੀਂ ਹੋਣੀ ਚਾਹੀਦੀ । ਕਿਉਂਕਿ ਉਹਨਾਂ ਰਾਹੀਂ ਜੋ ਕੁਝ ਹੁੰਦਾ ਹੈ, ਉਹ ਯੋਗ ਹੁੰਦਾ ਹੈ— ਪਹਿਲਾਂ ਕੀਤੇ ਗਏ ਕੰਮ ਦੇ ਅਨੁਸਾਰ ਹੁੰਦਾ ਹੈ ।

□ ਧਰਮ ਵਿਚ ਜ਼ਿਆਦਾ ਪ੍ਰੇਮ, ਮੂੰਹ ਵਿਚ ਮਿਠਾਸ, ਦਾਨ ਵਿਚ ਉਦਾਰਤਾ, ਮਿੱਤਰ ਨਾਲ ਨਿਸ਼ਕਪਟਤਾ, ਗੁਰੂ ਵਿਚ

ਨਰਮਾਈ, ਅੰਤਕਰਣ ਵਿਚ ਗੰਭੀਰਤਾ, ਆਚਾਰ ਵਿਚ ਪਵਿਤਰਤਾ, ਗੁਣ ਵਿਚ ਅਨੁਰਾਗ, ਸ਼ਾਸਤਰਾਂ ਵਿਚ ਖਾਸ ਗਿਆਨ, ਵੀਤਰਾਗ ਦੇਵ ਵਿਚ ਭਗਤੀ ਅਤੇ ਸੁੰਦਰਤਾ, ਇਹ ਪੁੰਨ ਆਤਮਾਵਾਂ ਦੇ ਗੁਣ ਹਨ ।

□ ਪੁੰਨ ਦੇ ਯੋਗ ਨਾਲ ਸੰਪੱਤੀ ਪ੍ਰਾਂਪਤ ਹੋਈ ਹੈ ਤਾਂ ਹੰਕਾਰ ਨਾ ਕਰੋ ਸਗੋਂ ਨਰਮ ਬਣੋ । ਨਿਮਰਤਾ ਨਾਲ ਹੀ ਜਨਤਾ ਵਿਚ ਆਦਰ ਮਿਲਦਾ ਹੈ, ਵਿਚਾਰ ਸ਼ੁੱਧ ਹੁੰਦੇ ਹਨ ਅਤੇ ਇਸ ਨਾਲ ਸ਼ੁਭ ਕਰਮ ਮਿਲਕੇ ਉੱਚ ਪਦ ਪ੍ਰਾਪਤ ਹੁੰਦਾ ਹੈ ।

□ ਧਰਮ, ਅਰਥ, ਕਾਮ ਅਤੇ ਮੋਕਸ਼ ਰੂਪ ਚਾਰ ਪੁਰਸ਼ਾਰਥਾਂ ਦੇ ਸਾਧਨ ਬਿਨਾਂ ਮਨੁੱਖ ਦਾ ਜ਼ਨਮ ਨਿਹਫਲ ਹੈ । ਪਸ਼ੂ-ਜੀਵਨ ਦੇ ਸਮਾਨ ਹੈ । ਇਹਨਾਂ ਚਾਰਾਂ ਵਿਚੋਂ ਸਾਡੇ ਲਈ ਧਰਮ ਜ਼ਿਆਦਾ ਹਿੱਤਕਾਰੀ ਹੈ । ਕਿਉਂਕਿ ਉਸਦੇ ਬਿਨਾ ਨਾ ਮੋਕਸ਼ ਹੀ ਮਿਲ ਸਕਦਾ ਹੈ, ਨਾ ਅਰਥ ਅਤੇ ਕਾਮ ਹੀ ।

□ ਮਾਤਾ ਪਿਤਾ ਅਤੇ ਗੁਰੂ ਦੇ ਸਾਡੇ ਉੱਤੇ ਅਪਾਰ ਉਪਕਾਰ ਹਨ । ਸਾਰਾ ਕੁਝ ਅਰਪਨ ਕਰਕੇ ਵੀ ਬਦਲਾ ਨਹੀਂ ਚੁਕਾਇਆ ਜਾ ਸਕਦਾ । ਜੋ ਉਹਨਾਂ ਦਾ ਆਦਰ ਨਹੀਂ ਕਰਦਾ ਉਹ ਕਦੇ ਧਰਮਾਤਮਾ ਨਹੀਂ ਹੋ ਸਕਦਾ । ਧਰਮਾਤਮਾ ਬਨਣਾ ਹੈ ਅਤੇ ਆਦਰ ਦੀ ਲੋੜ ਹੈ ਤਾਂ ਉਹਨਾਂ ਦਾ ਆਦਰ ਕਰੋ ।

□ ਵੈਰਾਗ ਪੈਦਾ ਕਰਨ ਵਾਲੀ ਧਰਮ - ਕਥਾ ਸੁਣਦੇ ਸਮੇਂ, ਸ਼ਮਸ਼ਾਨ ਵਿਚ ਜਾਂਦੇ ਸਮੇਂ, ਬਿਮਾਰੀ ਦੇ ਸਮੇਂ, ਜਿਹੜੀ ਬੁੱਧੀ ਪੈਦਾ ਹੁੰਦੀ ਹੈ, ਉਸੇ ਤਰ੍ਹਾਂ ਦੀ ਬੁੱਧੀ ਹਮੇਸ਼ਾਂ ਬਣੀ ਰਹੇ ਤਾਂ ਇਸ ਸੰਸਾਰ ਤੋਂ ਛੁਟਕਾਰਾ ਮਿਲ ਸਕਦਾ ਹੈ ।

□ ਇਕ ਹੀ ਚੀਜ ਵੱਖਰੇ ਵੱਖਰੇ ਖਿਆਲਾਂ ਤੋਂ ਵੱਖਰੀ ਵੱਖਰੀ ਲਗਦੀ ਹੈ । ਸ਼ਮਸ਼ਾਨ ਵਿਚ ਪਈ ਹੋਈ ਵੇਸ਼ਵਾ ਨੂੰ ਯੋਗੀ ਬਹੁਤ ਬੁਰੀ ਅਤੇ ਮੁਰਦਾ ਸਮਝਦੇ ਹਨ, ਕਾਮੀ ਲੋਕ ਕਾਮ-ਭੋਗ ਦੇ ਯੋਗ ਸਮਝਦੇ ਹਨ ਅਤੇ ਕੁੱਤਾ ਮਾਸ ਸਮਝਦਾ ਹੈ ।

□ ਸਾਨੂੰ ਜੋ ਸ਼ਕਤੀ ਮਿਲੀ ਹੈ, ਉਸਨੂੰ ਕਿਸ ਤਰ੍ਹਾਂ ਕੰਮ ਵਿਚ ਲਿਆਉਣਾ ਚਾਹੀਦਾ ਹੈ । ਇਹ ਸਾਡੀ ਇੱਛਾ ਤੇ ਨਿਰਭਰ ਹੈ । ਸਾਡੇ ਸਾਹਮਣੇ ਸ਼ੁੱਭ ਅਸ਼ੁੱਭ ਦੋ ਮਾਰਗ ਖੁੱਲੇ ਹਨ । ਇਹਨਾਂ ਵਿਚੋਂ ਇੱਕ ਮਾਰਗ ਸਵਰਗ ਵਿਚ ਅਤੇ ਦੂਜਾ ਨਰਕ ਵਿਚ ਪਹੁੰਚਾਉਂਦਾ ਹੈ । ਆਤਮਾ ਦੇ ਲਈ ਜੋ ਸੁਖ-ਦਾਈ ਹੈ ਉਸਨੂੰ ਗ੍ਰਹਿਣ ਕਰੋ ।

□ ਜਿਸ ਕੰਮ ਕਰਣ ਨਾਲ ਲੋਕ-ਨਿੰਦਾ ਹੁੰਦੀ ਹੈ, ਉਹ ਕੰਮ ਕਰਨ ਤੋਂ ਡਰਨਾ ਚਾਹੀਦਾ ਹੈ ਜੋ ਮਨੁੱਖ ਕੁਲੀਨ ਜਾਂ ਧਰਮਾਤਮਾ ਹੈ ਉਹੀ ਲੋਕਾਂ ਦੇ ਅਪਵਾਦ ਤੋਂ ਡਰਦਾ ਹੈ । ਮਨੁੱਖ ਲੋਕ ਧਨ ਆਦਿ ਦੇ ਲੋਭ ਵਿਚ ਆਕੇ ਇੰਦਰੀਆਂ ਦੇ ਵੱਸ ਵਿਚ ਅਧੀਨ ਹੋ ਕੇ ਪਾਪ ਕਰਮ ਕਰਦੇ ਹਨ । ਲੇਕਿਨ ਜਿਸਨੂੰ ਲੋਕ ਅਪਵਾਦ ਦਾ ਡਰ ਹੈ ਉਹ ਪਾਪ

ਤੋਂ ਬਚ ਸਕਦਾ ਹੈ। ਇਸ ਲਈ ਗ੍ਰਿਹਸਥੀ ਨੂੰ ਉਚਿਤ ਲੋਕ ਅਪਵਾਦ ਤੋਂ ਡਰਨਾ ਚਾਹੀਦਾ ਹੈ।

☐ ਭਾਰੀ ਸੰਕਟ ਆਉਣ ਤੇ ਦੀਨਤਾ ਧਾਰਨ ਨਹੀਂ ਕਰਨੀ ਚਾਹੀਦੀ। ਪਰ ਉਸਨੂੰ ਪਹਿਲਾ ਸੰਚਿਤ ਕਰਮ ਦਾ ਫਲ ਸਮਝ ਕੇ ਸਮ-ਭਾਵ ਨਾਲ ਸਹਿ ਲੈਣਾ ਹੀ ਉਤੱਮਤਾ ਹੈ। ਜੇ ਉਸ ਸਮੇਂ ਦੀਨਤਾ ਜਾਂ ਅਧੀਰਤਾ ਧਾਰਨ ਕੀਤੀ ਜਾਵੇ ਤਾਂ ਸੰਕਟ ਪਿੱਛਾ ਨਹੀਂ ਛੱਡਦਾ, ਉਲਟਾ ਬੁਰੇ ਕਰਮਾਂ ਦਾ ਬੰਧਨ ਹੁੰਦਾ ਹੈ। ਅਜਿਹਾ ਵਿਚਾਰ ਕਰਕੇ ਸ਼ਾਂਤੀ ਧਾਰਣ ਕਰਨੀ ਚਾਹੀਦੀ ਹੈ। ਸ਼ਾਂਤੀ ਧਾਰਨ ਕਰਨ ਨਾਲ ਕਰਮ ਆਪਣਾ ਫਲ ਦੇ ਕੇ ਨਸ਼ਟ ਹੋ ਜਾਂਦੇ ਹਨ ਅਤੇ ਆਤਮਾ ਸ਼ੁੱਧ ਹੋ ਜਾਂਦੀ ਹੈ। ਇਸ ਲਈ ਸੰਕਟ ਆ ਜਾਣ ਤੇ ਧੀਰਜ ਅਤੇ ਸਮ-ਭਾਵ ਰੱਖਣਾ ਚਾਹੀਦਾ ਹੈ ਅਤੇ ਇਹ ਅਤਿ ਜਰੂਰੀ ਵੀ ਹੈ।

☐ ਕਿਸੇ ਨਾਲ ਵਿਰੋਧ ਨਹੀਂ ਕਰਨਾ ਚਾਹੀਦਾ। ਵਿਰੋਧ ਕਰਨ ਨਾਲ ਵੈਰ ਵਧਦਾ ਹੈ ਅਤੇ ਆਤਮਾ ਵਿਚ ਗੁੱਸਾ ਬਣਿਆ ਰਹਿੰਦਾ ਹੈ। ਜਿਸ਼ ਨਾਲ ਆਤਮਾ ਨਰਕ ਗਤੀ ਦਾ ਅਧਿ-ਕਾਰੀ ਹੁੰਦਾ ਹੈ। ਇਸ ਲਈ ਵਿਚਾਰਸ਼ੀਲ ਪੁਰਸ਼ਾਂ ਨੂੰ ਪਹਿਲਾਂ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਇਸ ਨਾਲ ਮੈਨੂੰ ਕੀ ਲਾਭ ਹੈ ਅਤੇ ਕੀ ਹਾਨੀ ਹੈ।

☐ ਆਪਣੇ ਉੱਤੇ ਕੀਤੇ ਹੋਏ ਉਪਕਾਰ ਨੂੰ ਭੁੱਲੋ ਨਾ ਭੁੱਲਣ ਵਾਲੇ

ਨੂੰ ਲੋਕ ਅਧਰਮੀ ਅਤੇ ਨੀਚ ਕਹਿੰਦੇ ਹਨ। ਜੋ ਉਪਕਾਰੀ ਦੇ ਉਪਕਾਰ ਦਾ ਬਦਲਾ ਚੁਕਾਉਣ ਦੀ ਸ਼ਕਤੀ ਨਾ ਹੋਵੇ ਤਾਂ ਵੀ ਉਸਦੇ ਉਪਕਾਰ ਨੂੰ ਸਦਾ ਯਾਦ ਕਰਦੇ ਹੋਏ ਉਸਤੋਂ ਮੁਕਤ ਹੋਣ ਦੀ ਇੱਛਾ ਰੱਖਣੀ ਚਾਹੀਦੀ ਹੈ ਅਤੇ ਉਸਦਾ ਧੰਨਵਾਦੀ ਬਣਿਆ ਰਹਿਣਾ ਚਾਹੀਦਾ ਹੈ। ਜੋ ਪੁਰਸ਼ ਕੀਤੇ ਹੋਏ ਉਪ-ਕਾਰ ਨੂੰ ਜਾਣਦੇ ਹੋਣ ਉਸ ਵਿਚ ਸੁਸ਼ੀਲਤਾ ਆਦਿ ਗੁਣ ਪੈਦਾ ਹੁੰਦੇ ਹਨ। ਜੋ ਕੀਤੇ ਹੋਏ ਉਪਕਾਰ ਨੂੰ ਭੁੱਲ ਜਾਣ ਉਸ ਵਿਚ ਇਹ ਗੁਣ ਨਸ਼ਟ ਹੋ ਜਾਂਦੇ ਹਨ।

☐ ਰਾਜਾ ਨਲ ਅਤੇ ਪਾਂਡਵਾਂ ਨੂੰ ਜੂਏ ਦੀ ਬੁਰਾਈ ਕਰਕੇ ਰਾਜ ਛੱਡਣਾ ਪਿਆ। ਮਾਸ ਖਾਣ ਨਾਲ ਰਾਜਾ ਵਕ ਨੂੰ ਬਹੁਤ ਦੁੱਖ ਭੋਗਣਾ ਪਿਆ। ਸ਼ਰਾਬ ਪੀਣ ਨਾਲ ਯਾਦਵ ਕੁਲ ਦਾ ਨਾਸ਼ ਹੋਇਆ। ਵੇਸ਼ਵਾ ਗਮਨ ਦੇ ਨਾਲ ਚਾਰੂਦੱਤ ਨੂੰ ਕਿੰਨੇ ਕਸ਼ਟ ਭੋਗਣੇ ਪਏ। ਸ਼ਿਕਾਰ ਕਰਨ ਨਾਲ ਬ੍ਰਾਹਮਦੱਤ ਰਾਜਾ ਨੂੰ, ਚੋਰੀ ਨਾਲ ਸ਼ਿਵਮੂਤੀ ਵਿਪਰ ਨੂੰ ਅਤੇ ਪਰਾਈ ਇਸਤਰੀ ਕਰਕੇ ਰਾਜਾ ਰਾਵਣ ਨੂੰ ਕਸ਼ਟ ਸ਼ਹਿਣੇ ਪਏ। ਜੋ ਮਨੁੱਖ ਅਨੇਕਾਂ ਬੁਰਾਈਆਂ ਦਾ ਸੇਵਨ ਕਰਦੇ ਹਨ, ਉਹਨਾਂ ਦੀ ਕੀ ਦਸ਼ਾ ਹੋਵੇਗੀ ?

☐ ਸੰਸਾਰ ਰੂਪੀ ਸਮੁੰਦਰ ਵਿਚ ਸਾਧੂ-ਰੂਪੀ ਕਿਸ਼ਤੀ ਧੰਨ ਹੈ। ਉਸਦੀ ਰੀਤ ਉਲਟੀ ਹੀ ਹੈ। ਜੋ ਇਸਦੇ ਥੱਲੇ ਰਹਿੰਦੇ ਹਨ ਉਹੀ ਪਾਰ ਉੱਤਰਦੇ ਹਨ। ਭਾਵ ਸਾਧੂ ਮਹਾਤਮਾਵਾਂ ਨਾਲ ਨਰਮ ਰਹਿਣ ਵਾਲੇ ਸੰਸਾਰ ਨੂੰ ਪ੍ਰੀਤ ਕਰਦੇ ਹਨ। ਪਰ ਨਰਮ

ਨਾ ਰਹਿਣ ਵਾਲੇ, ਧਰਮ ਦੇ ਸਵਰੂਪ ਨੂੰ ਠੀਕ ਤਰਾਂ ਨਾ ਸਮਝ ਕੇ ਪਾਰ ਨਹੀਂ ਹੋ ਸਕਦੇ ।

- ☐ ਤੁਸੀਂ ਚਾਹੇ ਜਿੰਨਾਂ ਉੱਚ ਗਿਆਨ ਪ੍ਰਾਪਤ ਕਰ ਲਉ, ਪਰ ਜੇ ਮਨ ਦੀ ਭਾਵਨਾ ਨਾ ਸੁਧਾਰੋ; ਦੂਜੇ ਦੇ ਦੋਸ਼ ਦੇਖਣ ਦੀ ਦ੍ਰਿਸ਼ਟੀ ਦੂਰ ਨਾ ਕਰ ਸਕੋ ਤਾਂ ਉਹ ਤਿੰਨ ਕੌਡੀ ਦਾ ਨਹੀਂ ਹੈ ।

- ☐ ਜੋ ਸ਼ੰਕਾ ਰਹਿਤ ਹੋਵੇ, ਸਥਿਰ ਮਨ ਵਾਲਾ ਹੋਏ, ਦੂਰ ਦਰਿਸ਼ਟੀ ਵਾਲਾ ਹੋਵੇ, ਵਿਵੇਕੀ ਹੋਵੇ, ਚਾਲਾਕ ਹੋਵੇ, ਬੁੱਧੀਮਾਨ ਹੋਵੇ, ਸ਼ਾਸ਼ਤਰ ਦਾ ਗਿਆਨੀ ਹੋਵੇ, ਸਦਾਚਾਰੀ ਹੋਵੇ, ਦ੍ਰਵ, ਖੇਤਰ, ਕਾਲ ਭਾਵ ਦਾ ਗਿਆਤਾ ਹੋਵੇ, ਉਹੀ ਉਪਦੇਸ਼ਕ ਹੋ ਸਕਦਾ ਹੈ ।

- ☐ ਜਿਸ ਤਰ੍ਹਾਂ ਫੁੱਲ ਵਿਚ ਸੁਗੰਧ, ਤਿਲ ਵਿੱਚ ਤੇਲ, ਸੁੱਕੀ ਲਕੜ ਵਿਚ ਅੱਗ, ਦੁੱਧ ਵਿਚ ਘਿਉ, ਗੰਨੇ ਵਿਚ ਮਿਠਾਸ ਹੁੰਦੀ ਹੈ, ਉਸੇ ਤਰ੍ਹਾਂ ਹੀ ਦੇਹ ਵਿਚ ਆਤਮਾ ਹੁੰਦੀ ਹੈ ਉਹਨੂੰ ਵਿਵੇਕ ਦ੍ਰਿਸ਼ਟੀ ਨਾਲ ਦੇਖੋ ।

- ☐ ਮੁਕਤੀ ਚਾਹੁੰਦੇ ਹੋ ਤਾਂ ਵਿਸ਼ਿਆਂ ਨੂੰ ਵਿਸ਼ ਸਮਝ ਕੇ ਤਿਆਗ ਦਿਉ । ਖਿਮਾ, ਸਰਲਤਾ, ਦਯਾ, ਪਵਿਤੱਰਤਾ, ਤਿਆਗ ਅਤੇ ਤਪ ਨੂੰ ਅੰਮ੍ਰਿਤ ਸਮਝ ਕੇ ਪੀ ਲਵੋ ।

☐ ਸ਼ਰੀਰ ਨਾਸ਼ਵਾਨ ਹੈ, ਧਨ ਸੰਪਤੀ ਅਨਿੱਤ ਹੈ, ਮੌਤ ਸਾਹਮਣੇ ਮੂੰਹ ਖੋਲ ਕੇ ਖੜੀ ਹੈ। ਸਾਵਧਾਨ ਰਹੋ, ਧਰਮ ਦਾ ਸਹਾਰਾ ਲਉ।

☐ ਬੁੱਧੀਮਾਨ ਮਨੁੱਖ ਆਹਾਰ ਦੀ ਚਿੰਤਾ ਨਹੀਂ ਕਰਦੇ, ਧਰਮ ਦੀ ਚਿੰਤਾ ਕਰਦੇ ਹਨ, ਕਿਉਂਕਿ ਆਹਾਰ ਤਾਂ ਜਨਮ ਦੇ ਨਾਲ ਹੀ ਜੀਵਾਂ ਲਈ ਪੈਦਾ ਹੋ ਜਾਂਦਾ ਹੈ।

☐ ਟਾਹਣੀਆਂ ਅਤੇ ਪੱਤਿਆਂ ਤੇ ਪਾਣੀ ਨਾ ਪਾ ਕੇ ਜੜ੍ਹ ਵਿਚ ਹੀ ਪਾਉਣ ਨਾਲ ਟਹਿਣੀ ਅਤੇ ਪੱਤੇ ਦੋਵੇਂ ਹਰੇ ਭਰੇ ਰਹਿੰਦੇ ਹਨ। ਇਸੇ ਪ੍ਰਕਾਰ ਆਤਮ - ਸਵਰੂਪ ਦੀ ਪ੍ਰਾਪਤੀ ਦੇ ਲਈ ਸਭ ਕਿਰਿਆਵਾਂ ਕਰਨ ਨਾਲ ਸੰਸਾਰਿਕ ਸੁੱਖ ਅਤੇ ਮੁਕਤੀ ਦਾ ਸੁੱਖ ਦੋਵੇਂ ਮਿਲਦੇ ਹਨ।

☐ ਆਵਰਣ ਹਟਾਉਣ ਲਈ ਆਤਮ ਦ੍ਰਿਸ਼ਟੀ ਰੱਖੋ। ਆਤਮ-ਸੰਬੰਧੀ ਕਿਰਿਆ ਕਰਨ ਨਾਲ ਹੀ ਆਵਰਣ ਦਾ ਨਾਸ਼ ਹੁੰਦਾ ਹੈ। ਜਿਵੇਂ-ਜਿਵੇਂ ਆਵਰਣ ਹਟਦਾ ਜਾਂਦਾ ਹੈ। ਉਸੇ ਤਰ੍ਹਾਂ ਆਤਮਾ ਵਿਚ ਪ੍ਰਕਾਸ਼ ਦਾ ਉਜਾਲਾ ਹੁੰਦਾ ਹੈ।

☐ ਤਿਆਗ ਅਤੇ ਆਤਮ ਯੋਗ ਦੋਹਾਂ ਨੂੰ ਨਾਲ ਰੱਖੋ। ਇਕੱਲੇ ਤਿਆਗ ਵਿਚ ਕਲਿਆਣ ਨਹੀਂ ਹੈ। ਤਿਆਗ ਦੇ ਨਾਲ ਆਤਮ-ਗਿਆਨ ਹੋਣਾ ਬਹੁਤ ਹੀ ਜਰੂਰੀ ਹੈ।

☐ ਜਦੋਂ ਤੱਕ ਸ਼ਰੀਰ ਨਿਰੋਗ ਅਤੇ ਮੌਤ ਦੂਰ ਹੈ, ਉਦੋਂ ਤੱਕ

ਪੁੰਨ ਆਦਿ ਕਰਮ ਕਰਕੇ ਆਤਮਾ ਦਾ ਹਿੱਤ ਕਰ ਲੈਣਾ ਉਚਿਤ ਹੈ। ਪ੍ਰਾਣ ਨਿਕਲ ਜਾਣ ਤੇ ਫਿਰ ਕੀ ਹੋ ਸਕਦਾ ਹੈ?

☐ ਆਤਮ ਗਿਆਨੀ ਨੂੰ ਸਵਰਗ ਤਿਨਕੇ ਦੇ ਸ਼ਮਾਨ, ਸੂਰਵੀਰ ਨੂੰ ਜੀਵਨ ਤਿਨਕੇ ਦੇ ਸਮਾਨ, ਇੰਦਰੀਆਂ-ਜੇਤੂ ਨੂੰ ਇਸਤਰੀ ਤਿਨਕੇ ਦੇ ਸਮਾਨ, ਅਤੇ ਇੱਛਾ - ਰਹਿਤ ਨੂੰ ਸਾਰਾ ਜਗਤ ਤਿਨਕੇ ਦੇ ਸਮਾਨ ਹੈ।

☐ ਜਿਹੜੀ ਪੁੰਨ ਆਤਮਾ ਅਨੇਕ ਢੰਗਾਂ ਨਾਲ ਦਾਨ ਦੇਣ, ਵਿਦਿਆ ਪੜ੍ਹਨ ਤੇ ਤਖੱਸਿਆ ਕਰਨ ਦਾ ਅਭਿਆਸ ਕਰਦੇ ਹਨ ਉਹ ਬਾਰ-ਬਾਰ ਮਨੁੱਖ ਚੋਲਾ ਪਾ ਕੇ ਅੰਤ ਵਿਚ ਮੁਕਤੀ ਪਾ ਕੇ ਛੁੱਟ ਜਾਂਦੇ ਹਨ।

☐ ਮਨੁੱਖ ਨੂੰ ਜਿੰਦਗੀ ਵਿਚ ਅਨੇਕ ਕੰਮ ਕਰਨੇ ਪੈਂਦੇ ਹਨ। ਉਹਨਾਂ ਵਿਚੋਂ ਪਹਿਲਾ ਤੇ ਉਪਯੋਗੀ ਕੰਮ ਆਪਣੇ ਚਰਿੱਤਰ ਨੂੰ ਸੁਧਾਰਨਾ ਹੈ। ਇਸ ਕੰਮ ਦੀ ਸਰਲਤਾ ਦੇ ਲਈ ਵਿਚਾਰ ਤੇ ਸੁਭਾਓ ਨੂੰ ਪਵਿਤਰ ਰਖਣ ਦੀ ਪੂਰੀ ਜ਼ਰੂਰਤ ਹੈ।

☐ ਧਰਮ ਸ਼ਰੇਸ਼ਟ ਮੰਗਲ ਹੈ। ਅਹਿੰਸਾ, ਸੰਜਮ ਤੇ ਤਪ ਧਰਮ ਦੇ ਰੂਪ ਹਨ। ਜੋ ਇਸ ਪ੍ਰਕਾਰ ਦੇ ਧਰਮ ਦਾ ਪਾਲਣ ਕਰਦਾ ਹੈ। ਉਸ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ।

☐ ਧਰਮ ਹੀ ਇਕ ਅਜਿਹਾ ਪਵਿਤਰ ਕੰਮ ਹੈ ਜਿਸ ਰਾਹੀਂ ਆਤਮਾ ਦੀ ਸ਼ੁਧੀ ਹੁੰਦੀ ਹੈ।

- ☐ ਹਮੇਸ਼ਾ ਸੰਸਾਰਿਕ ਕਾਮਭੋਗਾਂ ਵਿਚ ਫਸਿਆ ਮੂਰਖ ਧਰਮ ਦੇ ਤੱਤ ਨੂੰ ਪਛਾਣ ਨਹੀਂ ਸਕਦਾ ।

- ☐ ਹੇ ਰਾਜਨ ! ਇਕ ਧਰਮ ਹੀ ਰੱਖਿਆ ਕਰਨ ਵਾਲਾ ਹੈ। ਉਸ ਧਰਮ ਤੋਂ ਬਿਨਾ ਕੋਈ ਰਖਿਅਕ ਨਹੀਂ ।

- ☐ ਆਰੀਆ (ਸ਼ਰੇਸ਼ਟ) ਪੁਰਖਾਂ ਨੇ ਜੀਵਨ ਦੀ ਇਕ - ਸੁਰਤਾ (ਸਮਤਾ) ਵਿਚ ਹੀ ਧਰਮ ਆਖਿਆ ਹੈ ।

- ☐ ਧਰਮ ਦੇ ਦੋ ਰੂਪ ਹਨ (1) ਸ਼ਰੁਤ ਧਰਮ (ਤੀਰਥੰਕਰਾਂ ਦਾ ਸ਼ਾਸਤਰ ਉਪਦੇਸ਼) (2) ਚਾਰਿਤਰ ਧਰਮ (ਸਾਧੂ ਤੇ ਉਪਾਸਕ ਦਾ ਧਰਮ) ।

- ☐ ਧਰਮ ਦੀਵੇ ਦੀ ਤਰ੍ਹਾਂ ਅਗਿਆਨਤਾ ਰੂਪੀ ਹਨੇਰੇ ਦਾ ਨਾਸ਼ ਕਰਦਾ ਹੈ ।

- ☐ ਬੁੱਧੀਮਾਨ ਪੁਰਖ ਨੂੰ ਧਰਮ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ।

- ☐ ਸਰਲ ਆਤਮਾ ਹੀ ਸ਼ੁਧ ਹੁੰਦੀ ਹੈ ਅਤੇ ਸ਼ੁੱਧ ਆਤਮਾ ਵਿਚ ਧਰਮ ਨਿਵਾਸ ਕਰਦਾ ਹੈ।

- ☐ ਧਰਮ ਦਾ ਮੂਲ (ਕੇਂਦਰ) ਵਿਨੈ ਹੈ ਅਤੇ ਧਰਮ ਦਾ ਫਲ ਮੋਕਸ਼ (ਮੁਕਤੀ) ਹੈ ।

□ ਜਿਵੇਂ ਮੈਨੂੰ ਦੁੱਖ ਚੰਗਾ ਨਹੀਂ ਲਗਦਾ, ਉਸੇ ਪ੍ਰਕਾਰ ਸਾਰੇ ਜੀਵਾਂ ਨੂੰ ਦੁੱਖ ਚੰਗਾ ਨਹੀਂ ਲਗਦਾ। ਇਹ ਸਮਝ ਕੇ ਜੋ ਨਾ ਆਪ ਹਿੰਸਾ ਕਰਦਾ ਹੈ ਅਤੇ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਹੀ ਹਿੰਸਾ ਨੂੰ ਚੰਗਾ ਸਮਝਦਾ ਹੈ। ਉਹ ਹੀ ਭਿਕਸ਼ੂ ਜਾਂ ਸ਼੍ਰਮਣ ਹੈ।

□ ਕਿਸੇ ਪ੍ਰਾਣੀ ਦੀ ਹਿੰਸਾ ਨਾ ਕਰਨਾ ਹੀ ਗਿਆਨੀਆਂ ਦੇ ਗਿਆਨ ਦਾ ਸਾਰ ਹੈ।

□ ਦੁਸ਼ਮਨ ਅਤੇ ਮਿੱਤਰ ਦੋਹਾਂ ਪ੍ਰਤਿ ਇਕੋ ਜਿਹਾ ਦਰਿਸ਼ਟੀਕੋਣ ਅਹਿੰਸਾ ਹੈ।

□ ਵੈਰ ਰੱਖਣ ਵਾਲਾ ਮਨੁੱਖ ਸਦਾ ਵੈਰ ਹੀ ਕਰਦਾ ਹੈ। ਉਹ ਵੈਰ ਵਿਚ ਹੀ ਆਨੰਦ ਮਾਨਦਾ ਹੈ। ਹਿੰਸਕ-ਕਰਮ ਪਾਪਾਂ ਨੂੰ ਜਨਮ ਦੇਣ ਵਾਲੇ ਹਨ। ਅਤੇ ਸਮੇਂ ਪਾ ਕੇ ਇਹ ਦੁਖ ਦਾ ਕਾਰਣ ਬਣਦੇ ਹਨ।

□ ਸਾਰੇ ਜੀਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ।

□ ਅਹਿੰਸਾ ਤਰੱਸ (ਹਿਲਣ-ਚਲਣ ਵਾਲੇ), ਸਥਾਵਰ (ਸਥਿਰ) ਦੋਵੇਂ ਪ੍ਰਕਾਰ ਦੇ ਜੀਵਾਂ ਦਾ ਭਲਾ ਅਤੇ ਮੰਗਲ ਕਰਨ ਵਾਲੀ ਹੈ।

□ ਡਰੇ ਜੀਵਾਂ ਲਈ, ਜਿਵੇਂ ਕੋਈ ਛੋਟਾ ਜਿਹਾ ਆਸਰਾ ਹੀ ਉਤਮ ਹੁੰਦਾ ਹੈ ਉਸੇ ਪ੍ਰਕਾਰ ਸਾਰੇ ਜੀਵਾਂ ਲਈ ਅਹਿੰਸਾ ਉੱਤਮ ਹੈ।

- ☐ ਸਾਰੇ ਜੀਵਾਂ ਪ੍ਰਤੀ ਦੋਸਤੀ ਦੀ ਭਾਵਨਾ ਰਖੋ।

- ☐ ਜੀਵ-ਹਿੰਸਾ ਆਪਣੀ ਹਿੰਸਾ ਹੈ। ਜੀਵਾਂ ਪ੍ਰਤੀ ਦਯਾ ਅਪਣੇ ਪ੍ਰਤਿ ਦਯਾ ਹੈ। ਇਸ ਦਰਿਸ਼ਟੀ ਨੂੰ ਲੈ ਕੇ ਸੱਚਾ ਸਾਧੂ ਹਮੇਸ਼ਾ ਹਿੰਸਾ ਦਾ ਤਿਆਗ ਕਰਦਾ ਹੈ।

- ☐ ਸੰਸਾਰ ਵਿਚ ਜੋ ਕੁਝ ਸੁਖ, ਵਡਿਆਈ, ਸਹਿਜ, ਸੁੰਦਰਤਾ ਅਰੋਗਤਾ ਅਤੇ ਸੁਭਾਗ ਵਿਖਾਈ ਦਿੰਦੇ ਹਨ ਸਭ ਅਹਿੰਸਾ ਦਾ ਫਲ ਹਨ।

- ☐ ਸੰਸਾਰ ਵਿਚ ਜਿਵੇਂ ਸਮੇਰੂ ਤੋਂ ਉੱਚੀ ਅਤੇ ਅਕਾਸ਼ ਤੋਂ ਵਿਸ਼ਾਲ ਕੋਈ ਦੂਸਰੀ ਚੀਜ਼ ਨਹੀਂ ਉਸੀ ਪ੍ਰਕਾਰ ਇਹ ਗੱਲ ਵਿਸ਼ਵਾਸ਼ ਕਰਨ ਵਾਲੀ ਹੈ ਕਿ ਅਹਿੰਸਾ ਤੋਂ ਬੜਾ ਕੋਈ ਧਰਮ ਨਹੀਂ।

- ☐ ਜੀਵ ਹਿੰਸਾ ਹੀ ਪਾਪ ਕਰਮ ਦੇ ਬੰਧਨ ਦਾ ਕਾਰਣ ਹੈ। ਇਹ ਹਿੰਸਾ ਹੀ ਮੌਤ ਅਤੇ ਨਰਕ ਹੈ।

- ☐ ਮਨੁੱਖ ! ਸਚ ਨੂੰ ਪਛਾਣ। ਜੋ ਵਿਦਵਾਨ ਸਚ ਨੂੰ ਪਛਾਣ ਕੇ ਸ਼ਚ ਦੇ ਮਾਰਗ ਤੇ ਚਲਦਾ ਹੈ ਉਹ ਮੌਤ ਤੋਂ ਪਾਰ ਹੋ ਜ਼ਾਂਦਾ ਹੈ।

- ☐ ਸੱਚ ਹੀ ਭਗਵਾਨ ਹੈ।

- ☐ ਸਦਾ ਹਿਤਕਾਰੀ ਵਾਕ ਬੋਲਣਾ ਚਾਹੀਦਾ ਹੈ।

☐ ਇਸ ਲੋਕ ਵਿਚ ਸੱਚ ਹੀ ਸਾਰ ਤਤਵ ਹੈ। ਇਹ ਮਹਾਂ (ਵਿਸ਼ਾਲ) ਸਮੁਦਰ ਤੋਂ ਵੀ ਗੰਭੀਰ ਹੈ।

☐ ਆਪਣੇ ਸਵਾਰਥ ਦੇ ਲਈ ਜਾਂ ਦੂਸਰੇ ਦੇ ਲਈ, ਕਰੋਧ ਅਤੇ ਭੈ ਨਾਲ ਕਿਸੇ ਮੌਕੇ ਤੇ ਵੀ ਦੂਸਰੇ ਨੂੰ ਕਸ਼ਟ ਦੇਣ ਵਾਲਾ ਝੂਠ ਨਾ ਬੋਲੇ, ਨਾ ਦੂਸਰੇ ਤੋਂ ਬੁਲਵਾਏ।

☐ ਮਨੁੱਖ ਲੋਭ ਤੋਂ ਪ੍ਰੇਰਿਤ ਹੋ ਕੇ ਝੂਠ ਬੋਲਦਾ ਹੈ।

☐ ਆਪਣੀ ਆਤਮਾ ਰਾਹੀਂ ਸੱਚ ਦੀ ਖੋਜ ਕਰੋ।

☐ ਲੋਹੇ ਦੇ ਟੁਕੜੇ (ਤੀਰ) ਤਾਂ ਥੋੜੀ ਦੇਰ ਲਈ ਦੁੱਖ ਦਿੰਦੇ ਹਨ। ਇਹ ਟਕੜੇ ਅਸਾਨੀ ਨਾਲ ਸ਼ਰੀਰ ਵਿਚੋਂ ਕੱਢੇ ਜਾ ਸਕਦੇ ਹਨ, ਪਰ ਸ਼ਬਦਾਂ ਨਾਲ ਆਖੇ ਤਿਖੇ ਬਚਨਾਂ ਦੇ ਤੀਰ ਵੈਰ ਵਿਰੋਧ ਦੀ ਪ੍ਰੰਪਰਾ ਨੂੰ ਵਧਾ ਕੇ ਕਰੋਧ ਉਤਪੰਨ ਕਰਦੇ ਹਨ ਅਤੇ ਜੀਵਨ ਭਰ ਇਨ੍ਹਾਂ ਕੌੜੇ ਬਚਨਾਂ ਦਾ ਜੀਵਨ ਵਿਚੋਂ ਨਿਕਲਣਾ ਹੈ।

☐ ਕਰੋਧ ਪਿਆਰ ਦਾ ਨਾਸ਼ ਕਰਦਾ ਹੈ।

☐ ਸ਼ਾਂਤੀ ਨਾਲ ਕਰੋਧ ਨੂੰ ਜਿਤੋ।

☐ ਮੈਂ ਸਾਰੇ ਜੀਵਾਂ ਤੋਂ ਖਿਮਾ ਮੰਗਦਾ ਹਾਂ। ਸਾਰੇ ਜੀਵ ਮੈਨੂੰ ਮੁਆਫ ਕਰਨ। ਮੇਰੀ ਸਾਰੇ ਜੀਵਾਂ ਨਾਲੇ ਦੋਸਤੀ ਹੈ। ਮੇਰਾ ਕਿਸੇ ਨਾਲ ਕੋਈ ਵੀ ਵੈਰੀ ਨਹੀਂ।

- ਮੁਨੀ ਨੂੰ ਧਰਤੀ ਦੇ ਸਮਾਨ ਖਿਮਾ ਵਾਲਾ ਹੋਣਾ ਚਾਹੀਦਾ ਹੈ।

- ਖਿਮਾ ਮੰਗਣ ਨਾਲ ਆਤਮਾ ਨੂੰ ਆਂਤਰਿਕ ਖੁਸ਼ੀ ਪ੍ਰਾਪਤ ਹੁੰਦੀ ਹੈ।

- ਗਿਆਨੀਆਂ ਨੂੰ ਖਿਮਾ ਧਰਮ ਦੀ ਅਰਾਧਨਾ ਕਰਨੀ ਚਾਹੀਦੀ ਹੈ।

- ਅਹੰਕਾਰ ਅਗਿਆਨਤਾ ਦੀ ਨਿਸ਼ਾਨੀ ਹੈ।

- ਮਾਨ ਨੂੰ ਜਿੱਤਣ ਨਾਲ ਜੀਵ ਵਿਚ ਨਿਮਰਤਾ ਹੈ।

- ਜੋ ਹੰਕਾਰ ਵੱਸ ਦੂਸਰੇ ਪ੍ਰਤਿ ਲਾਪਰਵਾਹ ਰਹਿੰਦੀ ਹੈ ਉਹ ਮੰਦ-ਭਾਗੀ ਹੈ।

- ਹੰਕਾਰੀ ਦੂਸਰੇ ਨੂੰ ਹੰਕਾਰ ਵੱਸ, ਆਪਣਾ ਪਰਛਾਵਾਂ ਸਮਝ ਕੇ ਨੀਵਾਂ ਗਿਣਦਾ ਹੈ।

- ਮਾਯਾ (ਧੋਖੇਬਾਜ) ਅਤੇ ਪ੍ਰਮਾਦੀ (ਅਣਗਹਿਲੀ) ਵਾਲਾ ਜੀਵ ਵਾਰ-ਵਾਰ ਗਰਭ ਧਾਰਨ ਕਰਦਾ ਹੈ।

- ਮਾਯਾ ਵਾਲਾ ਜੀਵ ਮਿਥਿਆ-ਦਰਿਸ਼ਟੀ (ਗਰਭ ਧਾਰਣਾ) ਵਾਲਾ ਹੁੰਦਾ ਹੈ। ਮਾਯਾ-ਰਹਿਤ ਜੀਵ ਸਮਿਯਕ-ਦਰਿਸ਼ਟੀ (ਸਹੀ ਧਾਰਨਾ) ਵਾਲਾ ਹੁੰਦਾ ਹੈ।

- ਮਾਯਾ (ਧੋਖਾ) ਦੋਸਤੀ ਦਾ ਖਾਤਮਾ ਕਰਦੀ ਹੈ।

☐ ਲੋਭ ਸਾਰੇ ਚੰਗੇ ਗੁਣਾਂ ਦਾ ਖਾਤਮਾ ਕਰਦਾ ਹੈ।

☐ ਲੋਭ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ।

☐ ਲੋਭ ਪੈਦਾ ਹੋਣ ਤੇ ਮਨੁੱਖ ਸੱਚ ਨੂੰ ਝੁਠਲਾ ਕੇ ਝੂਠ ਦਾ ਸਹਾਰਾ ਲੈਂਦਾ ਹੈ।

☐ ਆਜਾਦ ਘੁਮਣ ਵਾਲਾ ਸ਼ੇਰ ਵੀ ਮਾਸ ਦੇ ਲਾਲਚ ਵਿਚ ਆਕੇ ਜਾਲ ਵਿਚ ਫਸ ਜਾਂਦਾ ਹੈ।

☐ ਲੋਭ ਨੂੰ ਸੰਤੋਖ ਨਾਲ ਜ਼ਿੱਤਣਾ ਚਾਹੀਦਾ ਹੈ।

☐ ਜੋ ਮੋਹ ਦਾ ਨਾਸ਼ ਕਰਦਾ ਹੈ ਉਹ ਕਰਮ-ਬੰਧਨ ਦੇ ਹੋਰ ਕਾਰਣਾਂ ਦਾ ਖਾਤਮਾ ਕਰਦਾ ਹੈ।

☐ ਅਗਿਆਨੀ ਜੀਵ, ਮੋਹ ਨਾਲ ਘਿਰਿਆ ਰਹਿੰਦਾ ਹੈ।

☐ ਰਾਗ ਤੇ ਦਵੇਸ਼ ਦੋਵੇਂ ਕਰਮਾਂ ਦੇ ਬੀਜ ਹਨ।

☐ ਅਗਿਆਨੀ ਜੀਵ ਰਾਗ, ਦਵੇਸ਼ ਵਸ, ਭਿੰਨ-ਭਿੰਨ ਪ੍ਰਕਾਰ ਦੇ ਪਾਪ-ਕਰਮ ਕਰਦਾ ਹੈ।

☐ ਪਾਪ ਨਾ ਕਰਨ ਵਾਲਾ, ਨਵਾਂ ਪਾਪ-ਕਰਮ ਪੈਦਾ ਨਹੀਂ ਕਰਦਾ।